# ਆਉ ਅੱਗੇ ਤੁਰੀਏ

**ਪੰਚ ਪਰਧਾਨੀ ਯੂ.ਕੇ.**

*ਪੰਚ ਪਰਧਾਨੀ ਯੂ. ਕੇ. ਸਿੱਖ ਸੰਘਰਸ਼ ਦੇ ਮੌਜੂਦਾ ਪੜਾਅ ਉੱਤੇ ਪਰਵਾਸੀ ਸਿੱਖਾਂ ਦੀ ਸਥਿਤੀ ਤੇ ਭੂਮਿਕਾ ਬਾਰੇ ਆਪਣਾ ਮਤ ਇਸ ਦਸਤਾਵੇਜ਼ੀ ਰਾਹੀਂ ਪੰਥ ਦੇ ਸਨਮੁਖ ਪੇਸ਼ ਕਰ ਰਿਹਾ ਹੈ। ਇਸ ਬਾਰੇ ਰਾਵਾਂ ਤੇ ਸੁਝਾਅ ਈ-ਮੇਲ ਪਤੇ panchpardhaniuk@gmail.com 'ਤੇ ਭੇਜੇ ਜਾ ਸਕਦੇ ਹਨ।*

ਸਿੱਖ ਲਹਿਰ ਦੇ ਵਿਸਥਾਰ ਅਤੇ ਸਰੋਕਾਰ ਬਹੁ-ਭਾਵੀ ਅਤੇ ਬਹੁ-ਦਿਸ਼ਾਵੀ ਹਨ। ਅਜ਼ਾਦੀ ਲਈ ਸਿੱਖ ਲਹਿਰ ਇਕ ਅਜਿਹੇ ਪੜਾਅ ਵਿੱਚ ਦਾਖਲ ਹੋ ਚੁੱਕੀ ਹੈ ਜਿਸ ਵਿਚ ਪਰਵਾਸੀ (Diaspora) ਸਿੱਖਾਂ ਦੀ ਮਹੱਤਵਪੂਰਨ ਭੂਮਿਕਾ ਹੋਵੇਗੀ । ਇਸ ਦਸਤਾਵੇਜ ਵਿੱਚ ਪਰਵਾਸੀ ਸਿੱਖਾਂ ਦੀ ਬ੍ਰਾਹਮਣਵਾਦੀ ਤਾਕਤਾਂ ਨਾਲ ਸਿਧਾਂਤਕ ਜੰਗ ਦੌਰਾਨ ਨਿਭਾਈ ਗਈ ਅਤੇ ਅਗਾਂਹ ਨਿਭਾਈ ਜਾਣ ਵਾਲੀ ਭੂਮਿਕਾ ਵਾਰੇ ਵਿਚਾਰਿਆ ਜਾਵੇਗਾ ।

ਇਸ ਪੜਾਅ ਦੌਰਾਨ ਸਿੱਖ ਇੱਕ ਅਜਿਹੇ ਮਨੋਵਿਗਿਆਨਕ ਜੰਗ ਦੇ ਦੌਰ ਵਿੱਚ ਦਾਖਲ ਹੋ ਗਏ ਹਨ ਜਿਸ ਵਿੱਚ ਦੁਸ਼ਮਣ ਤਾਕਤਾਂ ਨਾਲ ਲੜਨ ਲਈ ਧਰਮ, ਸਾਹਿਤ, ਰਵਾਇਤਾਂ ਅਤੇ ਭਵਨ ਨਿਰਮਾਣ ਕਲਾ ਵਰਗੇ ਮਿੱਥਸੰਕੇਤਾਂ ਦੀ ਵਰਤੋ ਕੀਤੀ ਜਾਂਦੀ ਹੈ ।

ਸਿੱਖ ਲਹਿਰ ਦੇ ਇਸ ਪੜਾਅ ਵਿੱਚ ਗੁਰਮਤਿ ਦੀ ਰੋਸ਼ਨੀ ਅੰਦਰ ਅਜਿਹਾ ਮਾਹੌਲ ਅਤੇ ਸਮਾਜ ਸਿਰਜਣ ਦੀ ਜਰੂਰਤ ਹੈ ਜੋ ਕੌਮੀ ਅਤੇ ਕੌਮਾਂਤਰੀ ਦਰਪੇਸ਼ ਮਸਲਿਆਂ ਨੂੰ ਗੁਰਮਤ ਸਿਧਾਂਤਾਂ ਅਨੁਸਾਰ ਸਮਝਣ ਅਤੇ ਇਸ ਨੂੰ ਅੱਗੇ ਵਿਸਥਾਰ ਦੇਣ ਦੇ ਕਾਬਲ ਹੋਵੇ ।

ਮਨੁੱਖੀ ਇਤਿਹਾਸ ਵਿੱਚ ਸੱਤਾ ਦੇ ਸ਼ਕਤੀ ਕੇਂਦਰਾਂ ਤੋਂ ਅਜ਼ਾਦੀ ਲੈਣ ਲਈ ਵੱਖ-ਵੱਖ ਕੌਮਾਂ ਵੱਲੋਂ ਚੱਲੇ ਸੰਘਰਸ਼ਾਂ ਦੋਰਾਨ ਇਨ੍ਹਾਂ ਕੌਮਾਂ ਨਾਲ ਸਬੰਧਤ ਪਰਵਾਸੀਆਂ (Diaspora) ਨੇ ਮਹੱਤਰਵਪੂਰਨ ਭੂਮਿਕਾ ਅਦਾ ਕੀਤੀ ਹੈ। ਪਿਛਲੀ ਸਦੀ ਦੇ ਅਖੀਰੀ ਸਮੇਂ ਯੂਰਪ ਵਿੱਚ ਸੱਤਾਧਾਰੀ ਧਿਰਾਂ ਵੱਲੋਂ ਅਜ਼ਾਦੀ ਲਈ ਜੂਝ ਰਹੀਆਂ ਕੌਮਾਂ ਦੀਆਂ ਜਨਤਕ ਸੰਸਥਾਵਾਂ ਤੇ ਕਬਜਾ ਕਰ ਲਿਆ ਗਿਆ, ਪਰ ਇਸਦੇ ਬਾਵਜੂਦ ਡਾਇਸਪੋਰਾ ਦੀ ਮਦਦ ਨਾਲ ਜੁਝਾਰੂ ਧਿਰਾਂ ਨੇ ਉਨ੍ਹਾਂ ਸੰਸਥਾਵਾਂ ਨੂੰ ਚਲਦਾ ਰੱਖਿਆ। ਡਾਇਸਪੋਰਾ ਵੱਲੋ ਆਪਣੇ ਸਰੋਤਾਂ ਦੀ ਮੱਦਦ ਨਾਲ ਸਿਖਿਆ, ਸਿਹਤ ਸੇਵਾਵਾਂ ਦੇ ਨਾਲ ਨਾਲ ਹੋਰ ਵੀ ਅਨੇਕਾਂ ਸੰਸਥਾਵਾਂ ਚਲਾਈਆਂ ਗਈਆਂ।

ਸਿੱਖ ਪਰਵਾਸੀ ਭਾਈਚਾਰੇ ਵੱਲੋਂ ੧੯੮੪ ਵਿੱਚ ਸ੍ਰੀ ਦਰਬਾਰ ਸਾਹਿਬ ਤੇ ਭਾਰਤੀ ਫੌਜ ਦੇ ਹਮਲੇ ਅਤੇ ਉਸ ਤੋਂ ਬਾਅਦ ਚੱਲੇ ਸਿੱਖ ਸੰਘਰਸ਼ ਦੌਰਾਨ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਗਈ। ਆਪਣੀ ਧਰਤੀ ਨਾਲ ਮੋਹ ਅਤੇ ਕੌਮ ਪ੍ਰਤੀ ਕੀਤੀ ਸੇਵਾ ਦੇ ਸੰਦਰਭ ਵਿੱਚ ਪਰਵਾਸੀ ਸਿੱਖ ਭਾਈਚਾਰੇ ਨੂੰ ਦੋ ਭਾਗਾਂ, ਕੌਮਵਾਦੀ ਸਿੱਖ ਪਰਵਾਸੀ ਅਤੇ ਸਿੱਖ ਪਰਵਾਸੀ, ਵਿੱਚ ਵੰਡਿਆ ਜਾ ਸਕਦਾ ਹੈ। ਇਸ ਵੰਡ ਤੋਂ ਇਹ ਨਾ ਸਮਝਿਆ ਜਾਵੇ ਕਿ 'ਸਿੱਖ ਪਰਵਾਸੀਆਂ' ਅਤੇ 'ਕੌਮਵਾਦੀ ਸਿੱਖ ਪਰਵਾਸੀਆਂ' ਦੀ ਪੰਥ ਅਤੇ ਪੰਜਾਬ ਪ੍ਰਤੀ ਵਫਾਦਾਰੀ ਵਿਚਕਾਰ ਕੋਈ ਵੱਡਾ ਫਰਕ ਹੈ। ਦੋਵੇਂ ਵਰਗ ਪੰਥ, ਪੰਜਾਬ, ਧਰਮ, ਸਿੱਖ ਕਦਰਾਂ-ਕੀਮਤਾਂ, ਪੰਜਾਬ ਦੀ ਧਰਤੀ ਅਤੇ ਸੱਭਿਆਚਾਰ ਪ੍ਰਤੀ ਪੂਰੀ ਤਰ੍ਹਾਂ ਵਫਾਦਾਰ ਹਨ। ਇਨ੍ਹਾਂ ਵਰਗਾਂ ਵਿਚਕਾਰ

ਫਰਕ ਸਿਰਫ ਇੰਨਾ ਹੈ ਕਿ ਕੌਮਵਾਦੀ ਸਿੱਖ ਪਰਵਾਸੀ, ਸਿੱਧੇ ਅਤੇ ਸੰਸਥਾਗਤ ਤੌਰ ਤੇ ਕੌਮੀ ਅਜ਼ਾਦੀ ਲਈ ਕਾਰਜਸ਼ੀਲ ਰਹੇ ਹਨ ਜਦੋਂਕਿ ਸਿੱਖ ਪਰਵਾਸੀਆਂ ਦੀ ਪਹਿਲੇ ਵਰਗ ਨੂੰ ਹਮਾਇਤ ਦਾ ਪੱਧਰ ਅਕਸਰ ਘਟਦਾ-ਵਧਦਾ ਰਹਿੰਦਾ ਹੈ।

ਤੀਸਰੇ ਘੱਲੂਘਾਰੇ (੧੯੮੪) ਤੋਂ ਬਾਅਦ ਦੇ ਵਰ੍ਹਿਆਂ ਦੌਰਾਨ ਸਿੱਖ ਪਰਵਾਸੀਆਂ ਅਤੇ ਕੌਮਵਾਦੀ ਸਿੱਖ ਪਰਵਾਸੀਆਂ ਵੱਲੋ ਸਿੱਖ ਸੰਘਰਸ਼ ਨੂੰ ਹਮਾਇਤ ਉਚੇ ਪੱਧਰ ਦੀ ਸੀ ਜਿਸਦਾ ਅੰਦਾਜ਼ਾ ਪੰਜਾਬ ਵਿੱਚ ਭੇਜੀ ਜਾਂਦੀ ਹਰ ਸੰਭਵ ਮੱਦਦ ਤੋਂ ਲਗਾਇਆ ਜਾ ਸਕਦਾ ਹੈ।

ਇੱਥੇ ਇਹ ਤੱਥ ਮਹੱਤਵਪੂਰਨ ਹੈ ਕਿ ਸਿੱਖ ਪਰਵਾਸੀ (Diaspora) ਭਾਈਚਾਰਾ ਉੱਨੀ ਦੇਰ ਤੱਕ ਆਪਣੇ ਆਪ ਵਿੱਚ ਜਾਂ ਸਮੂਹਕ ਪੱਧਰ ਉੱਤੇ ਕੋਈ ਸਮਾਜਕ ਜਾਂ ਰਾਜਨੀਤਿਕ ਮਹੱਤਤਾ ਨਹੀ ਰੱਖਦਾ ਜਦੋਂ ਤੱਕ ਇਹ ਵੱਖ-ਵੱਖ ਸੰਸਥਾਵਾਂ ਜਾਂ ਇੱਕ ਕੇਂਦਰੀ ਪੱਧਰ ਤੇ ਵਿਚਰਦੀ ਸੰਸਥਾ ਹੇਠ ਸੰਗਠਿਤ ਨਹੀ ਹੁੰਦਾ। ਇਸ ਕਰਕੇ ਸਿੱਖ ਪਰਵਾਸੀ ਭਾਈਚਾਰੇ ਨੂੰ ਸੰਗਠਿਤ ਕਰਨ ਵਾਲੀਆਂ ਸੰਸਥਾਵਾਂ ਅਤੇ ਇਨ੍ਹਾਂ ਦੇ ਆਗੂਆਂ ਦੀ ਪੰਥ, ਕੌਮ, ਪੰਜਾਬ, ਸਿੱਖ ਧਰਮ ਅਤੇ ਸਿੱਖ ਸੱਭਿਆਚਾਰ ਪ੍ਰਤੀ ਪਹੁੰਚ ਦਾ ਨਜ਼ਰੀਆ ਬੇਹੱਦ ਮਹੱਤਵਪੂਰਨ ਹੈ। ਇਨ੍ਹਾਂ ਵਿੱਚੋਂ ਬਹੁਤੀਆਂ ਇੰਗਲੈਂਡ, ਅਮਰੀਕਾ, ਕਨੇਡਾ, ਜਰਮਨੀ ਅਤੇ ਫਰਾਂਸ ਵਰਗੇ ਮੁਲਕਾਂ ਵਿੱਚ ਸਰਗਰਮ ਹਨ। ਭਾਵੇਂ ਵੱਖ ਵੱਖ ਮੁਲਕਾਂ ਵਿੱਚ ਵਿਚਰਦੀਆਂ ਕੌਮੀ ਪਰਵਾਸੀ ਸਿੱਖ ਸੰਸਥਾਵਾਂ ਦਰਮਿਆਨ ਆਪਸੀ ਮੇਲ-ਜੋਲ ਜਾਂ ਸੰਚਾਰ ਦੀ ਘਾਟ ਹੈ ਪਰ ਫਿਰ ਵੀ ਪਿਛਲੇ ਸਮੇਂ ਦੌਰਾਨ ਇਨ੍ਹਾਂ ਨੇ ਭਾਰਤੀ ਰਾਜ ਵੱਲੋਂ ਚਲਾਈ ਜਾ ਰਹੀ 'ਮਾਨਸਿਕ ਜੰਗ' (ਜੋ ਸਿੱਖਾਂ ਨੂੰ ਦਿਮਾਗੀ ਤੌਰ ਤੇ ਗੁਲਾਮ ਕਰਨ ਵੱਲ ਸੇਧਿਤ ਹੈ) ਦਾ ਡਟ ਕੇ ਮੁਕਾਬਲਾ ਕੀਤਾ ਹੈ। ਭਾਰਤੀ ਰਾਜ ਵੱਲੋਂ ਵਿੱਢੀ ਇਸ ਮਾਨਸਿਕ ਜੰਗ ਦੌਰਾਨ ਉਸ ਦਾ ਹੱਥਠੋਕਾ ਬਣੇ ਸਿਆਸੀ, ਬੁਧੀਜੀਵੀ ਅਤੇ ਧਾਰਮਿਕ ਆਗੂਆਂ ਦਾ ਜਬਰਦਸਤ ਵਿਰੋਧ, ਇਨ੍ਹਾਂ ਕੌਮਵਾਦੀ ਸੰਸਥਾਵਾਂ ਦੀ ਕੌਮ ਪ੍ਰਤੀ ਵਫਾਦਾਰੀ ਕਾਰਨ ਹੀ ਸੰਭਵ ਹੋ ਸਕਿਆ ਹੈ ।

ਦੂਜੇ ਪਾਸੇ ਇਹ ਤੱਥ ਵੀ ਮਹੱਤਵਪੂਰਨ ਹੈ ਕਿ ਡਾਇਸਪੋਰਾ ਸੰਸਥਾਵਾਂ ਆਪਣੇ ਤੌਰ ਤੇ ਭਾਵੇਂ ਜਿੰਨੀਆਂ ਮਰਜੀ ਤਾਕਤਵਰ ਹੋਣ, ਪਰ ਇਨ੍ਹਾਂ ਦੀ ਤਾਕਤ ਆਮ ਤੌਰ ਉਤੇ 'ਕੇਂਦਰੀ ਧੁਰੇ' ਭਾਵ ਹੋਮਲੈਂਡ ਵਿੱਚ ਵਿਚਰਦੀਆਂ ਕੌਮੀ ਇਕਾਈਆਂ ਜਾਂ ਕੌਮੀ ਸੰਗਠਨਾ ਨਾਲ ਬੱਝੀ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ ਹੋਮਲੈਂਡ ਵਿੱਚ ਵਿਚਰ ਰਹੀਆਂ ਕੌਮੀ ਸੰਸਥਾਵਾਂ ਦੀ ਰਾਜਨੀਤਿਕ ਤੇ ਸਮਾਜਕ ਤਾਕਤ ਅਤੇ ਸਰਗਰਮੀ ਪਰਵਾਸੀਆਂ ਦੀਆਂ ਸਰਗਰਮੀਆਂ ਅਤੇ ਕੌਮੀ ਵਫਾਦਾਰੀਆਂ ਨੂੰ ਅਸਰ-ਅੰਦਾਜ਼ ਕਰਦੀ ਹੈ। ਉਦਾਹਰਨ ਦੇ ਤੌਰ ਤੇ ੧੯੮੪ ਤੋਂ ਬਾਅਦ ਅਤੇ ਖਾੜਕੂ ਸੰਘਰਸ਼ ਦੌਰਾਨ, ਕੌਮੀ ਅਜ਼ਾਦੀ ਲਈ ਸਰਗਰਮ ਸੰਗਠਨਾ ਅਤੇ ਆਗੂਆਂ ਦੀ ਤਾਕਤਵਰ ਹੋਂਦ ਹੋਣ ਕਰਕੇ, ਸਿੱਖ ਡਾਇਸਪੋਰਾ ਵੱਲੋਂ ਕੌਮੀ ਵਫਾਦਾਰੀ ਦੇ ਰੂਪ

ਵਿੱਚ ਰਾਜਨੀਤਿਕ ਅਤੇ ਆਰਥਕ ਮਦਦ ਵੱਡੇ ਪੱਧਰ ਤੇ ਸਾਹਮਣੇ ਆਈ। ਪਰ ਖਾੜਕੂ ਸੰਘਰਸ਼ ਦੇ ਮੋਰਚੇ ਟੁੱਟਣ ਤੋਂ ਬਾਅਦ ਅਤੇ ਖਾੜਕੂ ਆਗੂਆਂ ਦੀਆਂ ਸ਼ਹੀਦੀਆਂ ਨੇ 'ਕੌਮਵਾਦੀ ਰਾਜਨੀਤੀ' ਨੂੰ ਪੰਜਾਬ ਵਿੱਚ ਵੱਡੀ ਸੱਟ ਮਾਰੀ। ਲੋਕਤੰਤਰੀ ਤੌਰ ਤੇ ਵਿਚਰ ਰਹੀ ਕੌਮਵਾਦੀ ਧਿਰ, ਅਤੇ ਇਸਦੀ ਅਗਵਾਈ ਨੂੰ ਵੀ ਤੋੜ ਦਿੱਤਾ ਗਿਆ। ਇਸਦੇ ਸਿੱਟੇ ਵੱਜੋਂ ਪੰਜਾਬ ਵਿੱਚ ਕੌਮਵਾਦੀ ਰਾਜਨੀਤਿਕ ਤਾਕਤਾਂ ਨੂੰ ਵੱਡਾ ਖੋਰਾ ਲੱਗਾ ਜਿਸਦਾ ਅਸਰ 'ਕੌਮਵਾਦੀ ਡਾਇਸਪੋਰਾ' ਉਤੇ ਪੈਣਾਂ ਵੀ ਲਾਜ਼ਮੀ ਸੀ।

ਕੌਮਵਾਦੀ ਸੰਘਰਸ਼ਾਂ ਦੇ ਅਜਿਹੇ ਪੜਾਅ ਉਤੇ ਦੁਸ਼ਮਣ ਧਿਰ ਫੌਜੀ ਅਤੇ ਲੋਕਤੰਤਰੀ ਢੰਗਾਂ ਦੀ ਵਰਤੋਂ ਕਰਕੇ 'ਕੌਮਵਾਦੀ ਸੰਸਥਾਵਾਂ ਅਤੇ ਆਗੂਆਂ' ਨੂੰ ਜਾਂ ਤਾਂ ਖਤਮ ਕਰ ਦਿੰਦੀ ਹੈ ਜਾਂ ਇਨ੍ਹਾਂ ਦੀ ਰਾਜਨੀਤਿਕ ਤਾਕਤ ਦੇ ਸੋਮੇ ਭਾਵ ਲੋਕਾਂ ਦੇ ਸਾਥ ਨੂੰ ਬੰਨ੍ਹ ਮਾਰ ਦਿੱਤਾ ਜਾਂਦਾ ਹੈ। ਸੰਘਰਸ਼ ਦੇ ਇਸ ਪੜਾਅ ਦੌਰਾਨ ਦੁਸ਼ਮਣ ਧਿਰ ਨੇ ਪੰਜਾਬ ਵਿਚਲੇ ਕੌਮੀ ਆਗੂਆਂ ਦੀ ਅਸਲ ਤਾਕਤ ਦੇ ਸੋਮੇ ਭਾਵ ਸਿੱਖ ਸੰਗਤਾਂ ਅਤੇ ਕੌਮੀ ਸੰਸਥਾਵਾਂ ਵਿਚਕਾਰ ਵੱਡਾ ਪਾੜ ਪਾ ਦਿੱਤਾ ਹੈ। ਉਂਝ ਅਜਿਹੀ ਹਾਲਤ ਦਾ ਸਾਹਮਣਾ ਹਰੇਕ ਅਜ਼ਾਦੀ ਲਈ ਸੰਘਰਸ਼ਸ਼ੀਲ ਧਿਰ ਨੂੰ ਕਰਨਾ ਪੈਂਦਾ ਹੈ। ਅਜਿਹੇ ਹਾਲਾਤ ਵਿੱਚ ਡਾਇਪੋਰਾ ਹੋਮਲੈਂਡ ਵਿੱਚ ਵਿਚਰ ਰਹੇ ਕੌਮੀ ਆਗੂਆਂ ਦੀ ਤਾਕਤ ਵੱਜੋਂ ਵਿਚਰਦਿਆਂ ਇਨ੍ਹਾਂ ਕੌਮੀ ਆਗੂਆਂ ਅਤੇ ਲੋਕਾਂ ਵਿੱਚਲੇ ਪਾੜੇ ਨੂੰ ਘਟਾਉਣ ਦਾ ਰੋਲ ਨਿਭਾਉਂਦਾ ਹੈ। ਪਰ ਸਿੱਖ ਡਾਇਸਪੋਰਾ ਇਸ ਤਰ੍ਹਾਂ ਦਾ ਰੋਲ ਨਹੀਂ ਅਖਤਿਆਰ ਕਰ ਰਿਹਾ ਕਿ ਪੰਜਾਬ ਵਿਚਲੇ ਕੌਮੀ ਸਿੱਖ ਆਗੂਆਂ ਦੀ ਤਾਕਤ ਵਜੋਂ ਵਿਚਰਦਿਆਂ ਇਨ੍ਹਾਂ ਆਗੂਆਂ ਅਤੇ ਆਮ ਸਿੱਖ ਸੰਗਤ ਵਿਚਕਾਰਲੇ ਪਾੜੇ ਨੂੰ ਘਟਾਉਣ ਵਿਚ ਮਦਦਗਾਰ ਹੋ ਸਕੇ।

ਆਪਣੇ ਵੱਲੋ ਪਾਏ ਗਏ ਹਰ ਕਿਸਮ ਦੇ ਯੋਗਦਾਨ ਦੇ ਬਾਵਜੂਦ ਕੌਮੀ ਸਿੱਖ ਡਾਇਸਪੋਰਾ ਸਮਝ ਅਤੇ ਸੋਚ ਪੱਖੋਂ ਪੂਰੀ ਤਰਾਂ ਸਮੇਂ ਦੇ ਹਾਣਦਾ ਬਣਨ ਵਿੱਚ ਕਾਮਯਾਬ ਨਾ ਹੋ ਸਕਿਆ । ਇਸੇ ਕਰਕੇ ਕੌਮੀ ਸਿੱਖ ਡਾਇਸਪੋਰਾ, ਹੋਮਲੈਂਡ ਵਿੱਚ ਵਿਚਰ ਰਹੇ ਕੌਮੀ ਆਗੂਆਂ ਅਤੇ ਸੰਸਥਾਵਾਂ ਦੀ ਰਾਜਨੀਤਿਕ ਪਹੁੰਚ ਨੂੰ ਸਮਝਣ ਅਤੇ ਅਜ਼ਾਦੀ ਸੰਘਰਸ਼ ਨੂੰ ਅਗਾਂਹ ਤੋਰਨ ਲਈ ਸਮੇ ਦੀ ਲੋੜ ਮੁਤਾਬਿਕ ਕੌਮੀ ਆਗੂਆਂ ਦੀ ਬਹੁਪੱਖੀ ਤਾਕਤ ਨਹੀਂ ਬਣ ਰਿਹਾ।

ਹੋਮਲੈਂਡ ਵਿਚਲੇ ਇਕ ਵੱਡੇ ਕੌਮਵਾਦੀ ਆਗੂ ਦੀ ਰਾਜਨੀਤਿਕ ਚੁੱਪ ਅਤੇ ਡਾਇਸਪੋਰਾ ਸਿੱਖਾਂ ਵੱਲੋਂ ਇਸ ਵਰਤਾਰੇ ਨੂੰ ਨਾ ਸਮਝ ਸਕਣ ਦੇ ਅਮਲ ਨੂੰ ਇਸੇ ਸੰਦਰਭ ਵਿੱਚ ਸਮਝਿਆ ਜਾ ਸਕਦਾ ਹੈ।

ਕੌਮਵਾਦੀ ਡਾਇਸਪੋਰਾ ਸਿੱਖਾਂ ਵੱਲੋਂ, ਹੋਮਲੈਂਡ ਵਿਚਲੇ ਕੌਮਵਾਦੀ ਆਗੂ ਜਾਂ ਆਗੂਆਂ ਦੀ ਰਾਜਨੀਤਿਕ ਤਾਕਤ ਦੇ ਸੋਮੇ ਵੱਜੋਂ ਵਿਚਰਨਾ, ਅਜ਼ਾਦੀ ਲਈ ਕੌਮੀ ਸੰਘਰਸ਼ ਦੇ ਅਗਲੇ ਪੜਾਅ ਲਈ ਬੇਹੱਦ ਮਹੱਤਤਾ ਰੱਖਦਾ ਹੈ। ਇਸ ਸੰਦਰਭ ਵਿੱਚ ਹੇਠ ਲਿਖੇ ਹੋਏ ਕਾਰਜ ਮਹੱਤਵਪੂਰਨ ਹਨ:

(1) ਵੱਖ-ਵੱਖ ਦੇਸ਼ਾਂ ਅੰਦਰ ਵਿਚਰ ਰਹੇ ਡਾਇਸਪੋਰਾ ਸਿੱਖ ਸੰਗਠਨਾਂ ਵਿਚਕਾਰ ਤਾਲਮੇਲ ਅਤੇ ਸੰਚਾਰ ਪੈਦਾ ਕਰਨ ਲਈ ਕਿਸੇ ਸਾਂਝੀ ਅਤੇ ਖੁੱਲ੍ਹੀ ਸੰਸਥਾ ਨੂੰ ਵਿਕਸਿਤ ਕੀਤਾ ਜਾਵੇ, ਜੋ ਕੇ ਵੱਖ ਵੱਖ ਮੁਲਕਾਂ ਵਿੱਚ ਵਿਚਰਦੀਆਂ ਡਾਇਸਪੋਰਾ ਸਿੱਖ ਸੰਸਥਾਵਾਂ ਵਿਚਕਾਰ ਸੰਚਾਰ ਅਤੇ ਨੀਤੀ ਬਣਾਉਣ ਵਾਲੇ ਧੁਰੇ ਵੱਜੋਂ ਕੰਮ ਕਰੇ। ਇਹ ਸੰਸਥਾ ਕੌਮੀ ਆਗੂਆਂ ਅਤੇ ਕੌਮ ਨੂੰ ਸੰਸਾਰ ਪੱਧਰ ਤੇ ਰਾਜਨੀਤਿਕ ਤਾਕਤ ਦੇਣ ਵਾਲੇ ਸੋਮੇ ਵੱਜੋਂ ਵੀ ਕੰਮ ਕਰੇ।

(2) ਕੌਮਵਾਦੀ ਡਾਇਸਪੋਰਾ ਸੰਸਥਾਵਾਂ ਵੱਲੋਂ, ਹੋਮਲੈਂਡ ਵਿਚਲੇ ਕੌਮਵਾਦੀ ਆਗੂਆਂ ਅਤੇ ਸੰਸਥਾਵਾਂ ਨੂੰ ਤਕੜੇ ਕਰਨ ਲਈ ਪੱਛਮੀ ਲੋਕਤੰਤਰੀ ਸੰਸਥਾਵਾਂ ਦੀ ਵਰਤੋਂ ਕੀਤੀ ਜਾਵੇ। ਇਸੇ ਤਰ੍ਹਾਂ ਹੋਰਨਾਂ ਸੰਘਰਸ਼ਸ਼ੀਲ ਕੌਮਾਂ ਦੀਆਂ ਕੌਮਵਾਦੀ ਪਾਰਟੀਆਂ ਦੇ ਆਗੂਆਂ ਤੱਕ ਪਹੁੰਚ ਕਰਕੇ, ਪੰਜਾਬ ਵਿਚਲੇ ਕੌਮਵਾਦੀ ਆਗੂਆਂ ਦੀ ਪਹਿਚਾਣ ਕੌਮਾਂਤਰੀ ਪੱਧਰ ਉਤੇ ਵਧਾਉਣ ਦੇ ਯਤਨ ਕੀਤੇ ਜਾਣ।

(3) ਕੌਮਵਾਦੀ ਸਿੱਖ ਡਾਇਸਪੋਰਾ ਵੱਲੋਂ ਸਿੱਖ ਡਾਇਸਪੋਰਾ ਨੂੰ ਹੋਰ ਵੱਡੇ ਪੱਧਰ ਤੇ ਸੰਗਠਿਤ ਕਰਨ ਲਈ ਅਤੇ ਇਸਦੀ ਤਾਕਤ ਦੇ ਵਿਸਥਾਰ ਲਈ ਉਚੇਚੇ ਯਤਨ ਕੀਤੇ ਜਾਣ।

(4) ਵੱਖ-ਵੱਖ ਦੇਸ਼ਾਂ ਵਿੱਚਲੀਆਂ ਗੁਰਦੁਆਰਾ ਕਮੇਟੀਆਂ, ਮਨੁੱਖੀ ਹੱਕਾਂ ਲਈ ਸਰਗਰਮ ਸੰਸਥਾਵਾਂ, ਮੀਡੀਆ ਅਦਾਰਿਆਂ ਤੇ ਅਕਾਦਿਮਕ ਅਦਾਰਿਆਂ ਵਿੱਚ ਤਾਲਮੇਲ ਬਣਾਉਣਾ।

(5) ਡਾਇਸਪੋਰਾ ਸਿੱਖ ਨੌਜਵਾਨ ਪੀੜ੍ਹੀ, ਸਿੱਖ ਅਕਾਦਮਿਕ ਅਤੇ ਆਰਥਕ ਤੋਰ ਤੇ ਕਾਮਯਾਬ ਹਲਕਿਆਂ ਵਿਚਕਾਰ ਸਬੰਧ ਬਣਾਉਣੇ ।

(6) ਡਾਇਸਪੋਰਾ ਆਰਥਿਕ ਸਰੋਤਾਂ ਨੂੰ ਕੌਮੀ ਸੰਘਰਸ਼ ਲਈ ਵਰਤਣ ਦੇ ਰਾਜਨੀਤਿਕ ਪੈਂਤੜਿਆਂ ਬਾਰੇ ਨੀਤੀ ਬਣਾਉਣੀ।